Alberta

**ਨਿਊਜ਼** ਰਿਲੀਜ਼

# ਫੰਡਿੰਗ ਵਿੱਚ ਵਾਧੇ ਨਾਲ ਸਕੂਲ ਪੋਸ਼ਣ ਪ੍ਰੋਗਰਾਮਾਂ ਨੂੰ ਹੁਲਾਰਾ ਮਿਲਿਆ

26 ਫਰਵਰੀ, 2024 ਮੀਡੀਆ ਵੱਲੋਂ ਪੁੱਛਗਿੱਛ

## ਇੱਕ ਵਾਰ ਦੀ $5-ਮਿਲੀਅਨ ਗ੍ਰਾਂਟ ਇਸ ਸਕੂਲੀ ਸਾਲ ਵਿੱਚ ਵਧੇਰੇ ਵਿਦਿਆਰਥੀਆਂ ਨੂੰ ਵਧੀਆ ਭੋਜਨ ਅਤੇ ਸਨੈਕਸ ਪ੍ਰਦਾਨ ਕਰਨ ਲਈ ਸੂਬੇ ਦੇ ਸਕੂਲ ਪੋਸ਼ਣ ਪ੍ਰੋਗਰਾਮ ਦਾ ਵਿਸਤਾਰ ਕਰੇਗੀ।

ਇਹ ਯਕੀਨੀ ਬਣਾਉਣਾ ਕਿ ਵਿਦਿਆਰਥੀਆਂ ਦੀ ਸਹੀ ਪੋਸ਼ਣ ਤੱਕ ਪਹੁੰਚ ਹੋਵੇ, ਦਿਮਾਗ ਦੇ ਵਿਕਾਸ ਅਤੇ ਪੜ੍ਹਾਈ ਲਈ ਮਹੱਤਵਪੂਰਨ ਹੈ। ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਸੂਬੇ ਭਰ ਦੇ 58,000 ਤੋਂ ਵੱਧ ਵਿਦਿਆਰਥੀ ਇਸ ਵੇਲੇ ਅਲਬਰਟਾ ਦੇ ਸਕੂਲ ਪੋਸ਼ਣ ਪ੍ਰੋਗਰਾਮ ਰਾਹੀਂ ਰੋਜ਼ਾਨਾ ਪੌਸ਼ਟਿਕ ਭੋਜਨ ਪ੍ਰਾਪਤ ਕਰਦੇ ਹਨ। ਇਸ ਫੰਡਿੰਗ ਦੁਆਰਾ, ਸਕੂਲੀ ਅਧਿਕਾਰ ਖੇਤਰ ਪਛਾਣੇ ਗਏ ਸਕੂਲਾਂ ਵਿੱਚ ਪੋਸ਼ਣ ਪ੍ਰੋਗਰਾਮ ਬਣਾ ਸਕਣਗੇ, ਇਨ੍ਹਾਂ ਨੂੰ ਜਾਰੀ ਰੱਖ ਸਕਣਗੇ ਜਾਂ ਵਧਾ ਸਕਣਗੇ।

“ਵਿਦਿਆਰਥੀ ਦੀ ਸਫਲਤਾ ਲਈ ਸਹੀ ਪੋਸ਼ਣ ਜ਼ਰੂਰੀ ਹੈ। ਕੋਈ ਵੀ ਖਾਲੀ ਪੇਟ ਨਾਲ ਆਪਣੀ ਸਭ ਤੋਂ ਵਧੀਆ ਕਾਰਗੁਜ਼ਾਰੀ ਨਹੀਂ ਕਰ ਸਕਦਾ ਹੈ। ਭੋਜਨ ਅਤੇ ਸੇਵਾਵਾਂ ਦੀਆਂ ਵੱਧਦੀਆਂ ਲਾਗਤਾਂ ਨੂੰ ਸਵੀਕਾਰ ਕਰਨ ਲਈ, ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਸਕੂਲੀ ਸਾਲ ਦੇ ਅੰਤ ਤੱਕ ਵਿਦਿਆਰਥੀਆਂ ਦੇ ਪੋਸ਼ਣ ਨੂੰ ਸਮਰਥਨ ਦੇਣ ਲਈ ਵਾਧੂ ਫੰਡ ਪ੍ਰਦਾਨ ਕਰ ਸਕਦੇ ਹਾਂ।"

*ਡਿਮੇਟ੍ਰੀਓਸ ਨਿਕੋਲਾਈਡਸ (Demetrios Nicolaides), ਐਜੂਕੇਸ਼ਨ ਮਿਨਿਸਟਰ*

ਅਲਬਰਟਾ ਦੀ ਸਰਕਾਰ ਨੇ ਪਹਿਲਾਂ ਹੀ ਸਕੂਲੀ ਪੋਸ਼ਣ ਪ੍ਰੋਗਰਾਮ ਲਈ ਸਕੂਲ ਅਧਿਕਾਰੀਆਂ ਨੂੰ $20 ਮਿਲੀਅਨ ਦਿੱਤੇ ਹਨ। ਇਹ ਇੱਕ ਵਾਰ ਦੀ ਗ੍ਰਾਂਟ ਪਹਿਲਾਂ ਤੋਂ ਮੌਜੂਦ ਫੰਡਿੰਗ ਵਿੱਚ 25 ਪ੍ਰਤਿਸ਼ਤ ਦਾ ਵਾਧਾ ਕਰਦੀ ਹੈ, ਜਿਸ ਨਾਲ 2023-24 ਸਕੂਲੀ ਸਾਲ ਲਈ ਪੋਸ਼ਣ ਪ੍ਰੋਗਰਾਮਾਂ ਨੂੰ ਚਲਾਉਣ ਲਈ ਕੁੱਲ ਫੰਡਿੰਗ $25 ਮਿਲੀਅਨ ਹੋ ਜਾਂਦੀ ਹੈ। ਇਹ ਗ੍ਰਾਂਟ ਆਪਣੇ-ਆਪ ਨਿਯਮਿਤ ਫੰਡਿੰਗ ਚੈਨਲਾਂ ਰਾਹੀਂ ਪਬਲਿਕ, ਸੈਪਰੇਟ, ਫ੍ਰੈਂਕੋਫੋਨ ਅਤੇ ਲਾਗੂ ਹੋਣ ਵਾਲੇ ਪਬਲਿਕ ਚਾਰਟਰ ਸਕੂਲਾਂ ਵੱਲ ਜਾਵੇਗੀ।

ਅਲਬਰਟਾ ਦੀ ਸਰਕਾਰ ਸਕੂਲੀ ਅਧਿਕਾਰ ਖੇਤਰਾਂ ਨੂੰ ਉਤਸ਼ਾਹਿਤ ਕਰਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਦੀਆਂ ਭੋਜਨ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਨ ਲਈ ਭਾਈਚਾਰਕ ਸੰਸਥਾਵਾਂ ਨਾਲ ਭਾਈਵਾਲੀ ਕਰਨ। ਇਸ ਪ੍ਰੋਗਰਾਮ ਦੀ ਲਚਕਤਾ ਰਾਹੀਂ, ਸਥਾਨਕ ਸਕੂਲ ਬੋਰਡ ਅਜਿਹੇ ਫੈਸਲੇ ਲੈ ਸਕਦੇ ਹਨ ਜੋ ਕਮਿਊਨਿਟੀ ਦੇ ਅੰਦਰ ਅਤੇ ਸਥਾਨਕ ਸੰਸਥਾਵਾਂ ਨਾਲ ਮਜ਼ਬੂਤ ਸਬੰਧ ਬਣਾਉਣ ਦੇ ਦੌਰਾਨ ਉਹਨਾਂ ਦੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਭ ਤੋਂ ਵਧੀਆ ਸਹਾਇਤਾ ਕਰਦੇ ਹਨ।

“ਭਰਿਆ ਪੇਟ ਪੜ੍ਹਾਈ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀਆਂ ਕੋਲ ਸਕੂਲ ਵਿੱਚ ਵਧਣ-ਫੁੱਲਣ ਲਈ ਊਰਜਾ ਅਤੇ ਇਕਾਗਰਤਾ ਹੋਵੇ। ਅਸੀਂ ਇਸ ਵਾਧੂ ਫੰਡਿੰਗ ਲਈ ਸ਼ੁਕਰਗੁਜ਼ਾਰ ਹਾਂ ਤਾਂ ਜੋ ਸਕੂਲ ਦੇ ਦਿਨ ਦੌਰਾਨ ਵਧੇਰੇ ਵਿਦਿਆਰਥੀਆਂ ਦੀ ਸਿਹਤਮੰਦ ਭੋਜਨ ਤੱਕ ਪਹੁੰਚ ਹੋਵੇ।"

*ਲੌਰਾ ਹੈਕ (Laura Hack), ਮੁਖੀ, ਕੈਲਗਰੀ ਬੋਰਡ ਆਫ਼ ਐਜੂਕੇਸ਼ਨ*

“ਸਾਡੇ ਸਕੂਲ ਅਤੇ ਪਰਿਵਾਰ ਇਸ ਮਹੱਤਵਪੂਰਨ ਫੰਡਿੰਗ ਦੀ ਬਹੁਤ ਸ਼ਲਾਘਾ ਕਰਦੇ ਹਨ ਜੋ ਕਿ ਸਿੱਖਣ ਲਈ ਵਿਦਿਆਰਥੀਆਂ ਦੀ ਤਿਆਰੀ ਵਿੱਚ ਉਹਨਾਂ ਦੀ ਸਹਾਇਤਾ ਕਰਦੀ ਹੈ। ਭਾਈਚਾਰਕ ਸੰਸਥਾਵਾਂ ਦੇ ਨਾਲ ਸਾਡੀ ਸਾਂਝੇਦਾਰੀ ਦੇ ਨਾਲ ਮਿਲ ਕੇ ਇਹ ਡਾਲਰ, ਨਾਸ਼ਤੇ, ਸਨੈਕ ਅਤੇ ਦੁਪਹਿਰ ਦੇ ਖਾਣੇ ਦੇ ਪ੍ਰੋਗਰਾਮਾਂ ਤੱਕ ਸਰਵ ਵਿਆਪਕ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ, ਜੋ ਵਿਦਿਆਰਥੀ ਦੀ ਸਫਲਤਾ ਲਈ ਜ਼ਰੂਰੀ ਹਨ।"

*ਸੈਂਡਰਾ ਪਲਾਜ਼ੋ (Sandra Palazzo), ਮੁਖੀ, ਐਡਮੰਟਨ ਕੈਥੋਲਿਕ ਸਕੂਲ ਡਿਵੀਜ਼ਨ*

# ਸੰਬੰਧਿਤ ਜਾਣਕਾਰੀ

- ਸਕੂਲ ਪੋਸ਼ਣ ਪ੍ਰੋਗਰਾਮ

# ਮੀਡੀਆ ਵੱਲੋਂ ਪੁੱਛਗਿੱਛ


## ਗੈਬਰੀਏਲ ਸਿੰਬਾਲਿਸਟੀ (Gabrielle Symbalisty)

780-218-8916
ਪ੍ਰੈੱਸ ਸੈਕ੍ਰੇਟਰੀ, ਐਜੂਕੇਸ਼ਨ